# ਮੱਦਦ ਕਿੱਥੋਂ ਲੈਣੀ ਹੈ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸਮ੍ਨੀ ਮਿਊਲਿੰਗ ਦਾ ਸ਼ਿਕਾਰ ਹੋ ਗਏ ਹੋ੍ ਤਾਂ ਤੁਹਾਨੂੰ www.cyber.gov.au ਸ਼ੇ੍ ਰਿਪੋਰਟ ਬਟਨ ਦੀ ਵਰਤਖ਼੍ਰਕੇ ਤੁਰੰਤ ਪੁਲਿਸ ਨੂੰ ਸੂਚਿਤ ਕਰਨਾ ਚਾਹੀਦਾ ਹੈ੍

# ਮੱਦਦ ਦੇ ਹੋਰ ਸਰੋਤ

**ਸਥਾਨਕ ਪੁਲਿਸ**
131 444

**ਟ੍ਰਿਪਲ ਜ਼ੀਰੋ**
ਜਾਨਲੇਵਾ ਐਮਰਜਬ੍ਹੀ ਵਿੱਚ
000

**ਆਸਟ੍ਰੇਲੀਅਨ ਫੈਡਰਲ ਪੁਲਿਸ**
www.afp.gov.au

**ਕ੍ਰਾਈਮ ਸਟੌਪਰਸ (CrimeStoppers)**
ਗੁੰਮਨਾਮ ਰੂਪ ਵਿੱਚ ਰਿਪੋਰਟ ਕਰੋ
1800 333 000
crimestoppers.com.au

**ਸੋਸ਼ਲ ਮੀਡੀਆ**
ਉਸ ਸੋਸ਼ਲ ਮੀਡੀਆ ਪਲੇਟਫਾਰਮ ਸ਼ੇ੍ ਇਸਨੂੰ ਇੱਕ ਘੁਟਾਲੇ ਵਜਖ਼੍ਰਿਪੋਰਟ ਕਰੋ੍ ਜਿੱਥੇ ਤੁਸਪ੍ਰੋਸਟ ਦੇਖੀ ਸ੍ਰੀ

**ਆਈਡੀ ਕੇਅਰ (IDCARE)**
ਰਾਸ਼ਟਰੀ ਸ਼ਨਾਖਤ ਅਤੇ ਸਾਈਬਰ ਸਹਾਇਤਾ ਸੇਵਾ
www.idcare.org

**ਤੁਹਾਡਾ ਬੈਂਕ**
ਤੁਰੰਤ ਆਪਣੇ ਬਕ੍ਹ ਜਾਂ ਵਿੱਤੀ ਸੰਸਥਾ ਨਾਲ ਸੰਪਰਕ ਕਰੋ

**Scamwatch**
ਘੁਟਾਲਿਆਂ ਦੀ ਸੂਚਨਾ ਇੱਥੇ ਵੀ ਦਿੱਤੀ ਜਾ ਸਕਦੀ ਹੈ
scamwatch.gov.au

**ਲਾਈਫ਼ਲਾਈਨ (Lifeline)**
ਥ੍ਰਾਈਸਿਸ ਸਪੋਰਟ ਲਾਈਨ (Crisis support line)
13 11 14

AFP | JPC3
JOINT POLICING CYBERCRIME COORDINATION CENTRE

# ਸਾਵਧਾਨ ਰਹੋ

## ਅਪਰਾਧੀ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ



ਜੇ ਕੋਈ ਤੁਹਾਨੂੰ ਪੈਸੇ ਦੇਣ ਦੇ ਬਦਲੇ ਆਪਣੇ ਬਕ੍ਹ ਖਾਤੇ ਰਾਹਸ੍ਪੈਸੇ ਭੇਜਣ ਲਈ ਕਹਿੰਦਾ ਹੈ੍ ਤਾਂ ਉਹ ਤੁਹਾਨੂੰ ਮਨੀ ਮਿਊਲ ਬਣਨ ਲਈ ਕਹਿ ਰਿਹਾ ਹੈ੍

**#DontBeAMule**

# ਮਨੀ ਮਿਊਲ ਵਜੋਂ ਭਰਤੀ ਕੀਤੇ ਜਾਣ ਵਾਲੇ ਘੁਟਾਲਿਆਂ ਤੋਂ ਸੁਰੱਖਿਅਤ ਰਹੋ

**ਅਪਰਾਧੀ** ਵਿਦਿਆਰਥੀਆਂ ਨੂੰ ਔਨਲਾਈਨ ਅਤੇ ਵਿਅਕਤੀਗਤ ਰੂਪ ਵਿੱਚ ਨਿਸ਼ਾਨਾ ਬਣਾ ਰਹੇ ਹਨ ਅਤੇ ਉਹਨਾਂ ਨੂੰ ਆਪਣੇ ਬੈਂਕ ਖਾਤੇ ਵਿੱਚ ਪੈਸੇ ਪ੍ਰਾਪਤ ਕਰਨ ਅਤੇ ਫਿਰ ਇਸਨੂੰ ਕਿਸੇ ਹੋਰ ਖਾਤੇ ਜਾਂ ਕ੍ਰਿਪਟੋਕਰੰਸੀ ਐਕਸਚੇਂਜ ਵਿੱਚ ਟਰਾਂਸਫਰ ਕਰਨ ਲਈ ਪੈਸੇ ਦੇਣ ਦੀ ਪੇਸ਼ਕਸ਼ ਕਰ ਰਹੇ ਹਨ। ਕਈ ਵਾਰ ਅਣਜਾਣੇ ਵਿੱਚ, ਅਪਰਾਧੀਆਂ ਦੁਆਰਾ ਚੋਰੀ ਕੀਤੇ ਪੈਸੇ ਨੂੰ ਦੂਜਿਆਂ ਦੀ ਤਰਫ਼ੋਂ ਟ੍ਰਾਂਸਫਰ ਕਰਨ ਲਈ **ਮਨੀ ਮਿਊਲ** ਭਰਤੀ ਕੀਤੇ ਜਾਂਦੇ ਹਨ।

ਟਰਾਂਸਫਰ ਕੀਤੇ ਜਾਣ ਵਾਲੇ ਪੈਸੇ ਦੀ ਵਰਤੋਂ ਅਕਸਰ ਅਪਰਾਧੀਆਂ ਦੁਆਰਾ **ਸਾਈਬਰ ਕ੍ਰਾਈਮ, ਅੱਤਵਾਦ ਅਤੇ ਮਨੁੱਖੀ ਤਸਕਰੀ ਵਰਗੇ ਹੋਰ ਗੰਭੀਰ ਅਪਰਾਧਾਂ ਲਈ ਫੰਡਿੰਗ ਕਰਨ ਲਈ ਕੀਤੀ ਜਾਂਦੀ ਹੈ।**

ਆਸਟ੍ਰੇਲੀਆ ਵਿੱਚ, ਮਨੀ ਮਿਊਲਿੰਗ ਵਿੱਚ ਹਿੱਸਾ ਲੈਣਾ ਇੱਕ ਗੰਭੀਰ ਅਪਰਾਧਿਕ ਅਪਰਾਧ ਹੈ। ਜੇਕਰ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਤੁਹਾਨੂੰ **12 ਮਹੀਨਿਆਂ ਤੋਂ ਲੈ ਕੇ ਉਮਰ ਕੈਦ ਤੱਕ ਕੋਈ ਵੀ ਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਹੈ।**


ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਹੋਣ ਤੋਂ ਇਲਾਵਾ, ਤੁਸੀਂ ਆਪਣੇ ਬੈਂਕ ਜਾਂ ਵਿੱਤੀ ਸੰਸਥਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦਾ ਜ਼ੋਖਮ ਲੈ ਰਹੇ ਹੋ ਅਤੇ ਆਪਣੇ ਬੈਂਕ ਖਾਤਿਆਂ ਤੱਕ **ਪਹੁੰਚ ਗੁਆ** ਸਕਦੇ ਹੋ।

## ਅਪਰਾਧੀ ਇਹਨਾਂ ਰਾਹੀਂ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ:

- ! ਸੋਸ਼ਲ ਮੀਡੀਆ (ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਸਨੈਪਚੈਟ)
- ! ਤਤਕਾਲ ਮੈਸੇਜਿੰਗ ਐਪ (ਜਿਵੇਂ ਕਿ ਵਟਸਐਪ, ਵਾਈਬਰ, ਟੈਲੀਗ੍ਰਾਮ)
- ! ਜਾਅਲੀ ਨੌਕਰੀ ਦੀਆਂ ਪੇਸ਼ਕਸ਼ਾਂ (ਜਿਵੇਂ ਕਿ ਮਨੀ ਟ੍ਰਾਂਸਫਰ ਏਜੰਟਸ)
- ! ਔਨਲਾਈਨ ਪੌਪ-ਅੱਪ ਵਿਗਿਆਪਨ, ਵਿਅਕਤੀਗਤ ਤੌਰ 'ਤੇ ਜਾਂ ਈਮੇਲ ਰਾਹੀਂ ਸਿੱਧਾ ਸੰਪਰਕ

## ਵਟਸਐਪ 'ਤੇ ਮਨੀ ਮਿਊਲ ਨੌਕਰੀ ਘੁਟਾਲੇ ਦੀ ਇੱਕ ਉਦਾਹਰਨ:

ਤੁਹਾਨੂੰ ਕਿਸੇ ਅਣਜਾਣ ਨੰਬਰ ਤੋਂ ਇੱਕ ਸੁਨੇਹਾ ਪ੍ਰਾਪਤ ਹੁੰਦਾ ਹੈ ਜਿਸ ਵਿੱਚ ਤੁਹਾਨੂੰ ਮਨੀ ਟ੍ਰਾਂਸਫਰ ਏਜੰਟ ਵਜੋਂ ਨੌਕਰੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।




## ਰੁਕੋ

- ਇਸ ਗੱਲ 'ਤੇ ਵਿਚਾਰ ਕਰਨ ਲਈ ਕੁੱਝ ਸਮਾਂ ਲਵੋ ਕਿ ਕੀ ਇਹ ਪੇਸ਼ਕਸ਼ ਸੱਚ ਹੋਣ ਲਈ ਬਹੁਤ ਵਧੀਆ ਲੱਗ ਰਹੀ ਹੈ, ਚੌਕਸ ਹੋ ਜਾਓ।
- ਨੌਕਰੀ ਦੇ ਉਨ੍ਹਾਂ ਇਸ਼ਤਿਹਾਰਾਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖੋ ਜੋ ਤੇਜ਼ ਅਤੇ ਆਸਾਨੀ ਨਾਲ ਪੈਸਾ ਕਮਾਉਣ ਦਾ ਮੌਕਾ ਦਿੰਦੇ ਹਨ।

## ਜਾਂਚੋ

- ਸੰਭਾਵੀ ਰੁਜ਼ਗਾਰਦਾਤਾ ਬਾਰੇ ਢੁੱਕਵੀ ਜਾਂਚ-ਪੜਤਾਲ ਕੀਤੇ ਬਿਨਾਂ ਕਿਸੇ ਵੀ ਮੌਕੇ ਲਈ ਸਾਈਨ ਅੱਪ ਨਾ ਕਰੋ। ਉਦਾਹਰਨ ਲਈ, ਕੀ ਉਨ੍ਹਾਂ ਦੀ ਔਨਲਾਈਨ ਮੌਜੂਦਗੀ ਹੈ? ਕੀ ਉਨ੍ਹਾਂ ਦੇ ਸੰਪਰਕ ਵੇਰਵੇ ਜਾਇਜ਼ ਹਨ? ਕੀ ਇਹ ਵਿਦੇਸ਼ ਵਿੱਚ ਅਧਾਰਤ ਹੈ?

## ਮਨ੍ਹਾ ਕਰੋ

- ਵੱਡੀਆਂ ਰਕਮਾਂ ਦੀ ਪੇਸ਼ਕਸ਼ ਕਰਨ ਵਾਲੀਆਂ ਕਿਸੇ ਵੀ ਔਨਲਾਈਨ ਪੋਸਟਾਂ ਨਾਲ ਨਾ ਜੁੜੋ।
- ਉਹਨਾਂ ਲੋਕਾਂ ਤੋਂ ਆਈਆਂ ਮੈਸਜ਼ ਬੇਨਤੀਆਂ ਨੂੰ ਸਵੀਕਾਰ ਨਾ ਕਰੋ ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ ਹੋ, ਅਤੇ ਜੇਕਰ ਤੁਸੀਂ ਕਿਸੇ ਦੋਸਤ ਤੋਂ ਕਲਿੱਕ ਕਰਨ ਲਈ ਇੱਕ ਲਿੰਕ ਵਾਲਾ ਮੈਸਜ਼ ਪ੍ਰਾਪਤ ਕਰਦੇ ਹੋ, ਤਾਂ ਕੁੱਝ ਕਰਨ ਤੋਂ ਪਹਿਲਾਂ ਉਹਨਾਂ ਨਾਲ ਵਿਅਕਤੀਗਤ ਤੌਰ 'ਤੇ ਗੱਲ ਕਰੋ।
- ਬੈਂਕ ਅਤੇ ਨਿੱਜੀ ਵੇਰਵਿਆਂ ਨੂੰ ਕਿਸੇ ਵੀ ਵਿਅਕਤੀ ਨਾਲ ਸਾਂਝਾ ਨਾ ਕਰੋ ਜਿਸਨੂੰ ਤੁਸੀਂ ਨਹੀਂ ਜਾਣਦੇ ਜਾਂ ਭਰੋਸਾ ਨਹੀਂ ਕਰਦੇ ਹੋ, ਇੱਥੋਂ ਤੱਕ ਕਿ ਦੋਸਤਾਂ ਨਾਲ ਜਾਂ ਪਰਿਵਾਰ ਵਿੱਚ ਵੀ ਨਹੀਂ।
- ਜੇਕਰ ਕੋਈ ਤੁਹਾਡਾ ਖਾਤਾ ਉਧਾਰ ਲੈਣ ਲਈ ਕਹਿੰਦਾ ਹੈ, ਤਾਂ ਨਾਂਹ ਕਰੋ।
- ਜੇ ਤੁਹਾਨੂੰ ਸ਼ੱਕ ਹੈ ਕਿ ਕੁੱਝ ਸਹੀ ਨਹੀਂ ਹੈ, ਤਾਂ ਉਸ ਪੇਸ਼ਕਸ਼ ਨੂੰ ਮਨਜ਼ੂਰ ਦਿਓ।

## ਸਵੀਕਾਰ ਕਰੋ

- ਨਾਮਵਰ ਨੌਕਰੀ ਸਾਈਟਾਂ ਅਤੇ ਰਜਿਸਟਰਡ ਕਾਰੋਬਾਰਾਂ ਨਾਲ ਜੁੜੇ ਰਹੋ।

ਹਮੇਸ਼ਾ ਯਾਦ ਰੱਖੋ ਕਿ ਜੇਕਰ ਤੁਸੀਂ ਪੈਸੇ ਦੇ ਸਰੋਤ ਬਾਰੇ ਯਕੀਨੀ ਨਹੀਂ ਹੋ, ਤਾਂ ਇਹ ਅਪਰਾਧਿਕ ਗਤੀਵਿਧੀ ਤੋਂ ਆ ਰਿਹਾ ਹੋ ਸਕਦਾ ਹੈ। ਮਨੀ ਮਿਊਲ ਬਣਨ ਅਤੇ ਇਸ ਸਭ ਦਾ ਕਿਸੇ ਅਪਰਾਧਿਕ ਸਜ਼ਾ ਮਿਲਣ ਦੇ ਨਾਲ ਖ਼ਤਮ ਹੋਣ ਦਾ ਜ਼ੋਖਮ ਨਾ ਉਠਾਓ। ਜੇਕਰ ਤੁਸੀਂ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹੋ ਤਾਂ ਅਪਰਾਧਿਕ ਦੋਸ਼ੀ ਹੋਣਾ ਤੁਹਾਡੀ ਵਿਦਿਆਰਥੀ ਵੀਜ਼ਾ ਯੋਗਤਾ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।